Australian Government

Australian Charities and Not-for-profits Commission

ਜ਼ਿੰਮੇਵਾਰੀਆਂ

ਆਸਟ੍ਰੇਲੀਆ ਦਾ ਚੈਰਿਟੀਜ਼ ਅਤੇ ਨੌਟ-ਫ਼ਾਰ-ਪ੍ਰੌਫ਼ਿਟਸ ਕਮਿਸ਼ਨ, ਜਿਸ ਨੂੰ ACNC ਵੀ ਕਿਹਾ ਜਾਂਦਾ ਹੈ, ਦਾਨ-ਸੰਸਥਾਵਾਂ ਦਾ ਰਾਸ਼ਟਰੀ ਰੈਗੂਲੇਟਰ ਹੈ। ਅਸੀਂ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦੇ ਹਾਂ, ਕਿ ਦਾਨ-ਸੰਸਥਾਵਾਂ ਨਿਯਮਾਂ ਦੀ ਪਾਲਣਾ ਕਰਦੀਆਂ ਹਨ, ਅਤੇ ਉਨ੍ਹਾਂ ਕੋਲ ਉਹ ਜਾਣਕਾਰੀ ਹੋਵੇ, ਜਿਸ ਦੀ ਉਨ੍ਹਾਂ ਨੂੰ ਆਪਣਾ ਕੰਮ ਚੰਗੀ ਤਰ੍ਹਾਂ ਕਰਨ ਲਈ ਲੋੜ ਹੈ।

ਨਿਯਮ ਇਹ ਯਕੀਨੀ ਬਣਾਉਣ ਵਿੱਚ ਸਹਾਇਤਾ ਕਰਦੇ ਹਨ, ਕਿ ਦਾਨ-ਸੰਸਥਾ ਚੰਗੀ ਤਰ੍ਹਾਂ ਚਲਾਈ ਜਾਂਦੀ ਹੈ - ਇਸ ਵਿੱਚ ਚੰਗਾ ਪ੍ਰਸ਼ਾਸਨ ਹੈ। ਇਸ ਦਾ ਅਰਥ ਇਹ ਹੈ ਕਿ ਪੈਸਾ ਉੱਥੇ ਜਾਂਦਾ ਹੈ, ਜਿੱਥੇ ਇਹ ਜਾਣਾ ਚਾਹੀਦਾ ਹੈ, ਦਾਨ-ਸੰਸਥਾ ਜਿਨ੍ਹਾਂ ਲੋਕਾਂ ਦੀ ਮਦਦ ਕਰਦੀ ਹੈ, ਉਨ੍ਹਾਂ ਨੂੰ ਸੁਰੱਖਿਅਤ ਰੱਖਿਆ ਜਾਂਦਾ ਹੈ, ਸਮੱਸਿਆਵਾਂ ਜਲਦੀ ਲੱਭੀਆਂ ਜਾਂਦੀਆਂ ਹਨ, ਸੰਸਥਾ ਲੰਬੇ ਸਮੇਂ ਤੱਕ ਚੱਲਦੀ ਹੈ, ਅਤੇ ਲੋਕ ਦਾਨ ਕਰਨ, ਜਾਂ ਮਦਦ ਕਰਨ ਲਈ ਵਿਸ਼ਵਾਸ ਮਹਿਸੂਸ ਕਰਦੇ ਹਨ।

ਅਸੀਂ ਸੰਸਥਾਵਾਂ ਨੂੰ ACNC ਨਾਲ ਰਜਿਸਟਰ ਕਰਕੇ ਦਾਨ-ਸੰਸਥਾ ਬਣਨ ਲਈ ਵੀ ਮਨਜ਼ੂਰੀ ਦਿੰਦੇ ਹਾਂ। ਰਜਿਸਟਰਡ ਹੋਣਾ ਦਾਨ-ਸੰਸਥਾ ਨੂੰ ਇਸ ਦੇ ਕੰਮ ਦਾ ਸਮਰਥਨ ਕਰਨ ਲਈ ਕਾਨੂੰਨੀ ਅਤੇ ਟੈਕਸ ਲਾਭਾਂ ਤੱਕ ਪਹੁੰਚ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ। ACNC ਆਸਟ੍ਰੇਲੀਅਨ ਟੈਕਸੇਸ਼ਨ ਦਫ਼ਤਰ (ATO) ਨੂੰ ਟੈਕਸ ਲਾਭਾਂ ਲਈ ਅਰਜ਼ੀਆਂ ਭੇਜਦੀ ਹੈ, ਅਤੇ ATO ਫ਼ੈਸਲਾ ਕਰਦਾ ਹੈ, ਕਿ ਕੀ ਕੋਈ ਦਾਨ-ਸੰਸਥਾ ਟੈਕਸ ਰਿਆਇਤਾਂ ਹਾਸਲ ਕਰ ਸਕਦੀ ਹੈ।

ACNC, ACNC ਚੈਰਿਟੀ ਰਜਿਸਟਰ ਵੀ ਚਲਾਉਂਦਾ ਹੈ, ਜੋ ਕਿ ਆਸਟ੍ਰੇਲੀਆ ਵਿੱਚ ਸਾਰੀਆਂ ਰਜਿਸਟਰਡ ਦਾਨ-ਸੰਸਥਾਵਾਂ ਦੀ ਮੁਫ਼ਤ ਔਨਲਾਈਨ ਸੂਚੀ ਹੈ।

ਚੈਰਿਟੀ ਰਜਿਸਟਰ, ਦਾਨ-ਸੰਸਥਾਵਾਂ ਬਾਰੇ ਮਹੱਤਵਪੂਰਣ ਜਾਣਕਾਰੀ ਵਿਖਾਉਂਦਾ ਹੈ, ਜਿਸ ਵਿੱਚ ਉਨ੍ਹਾਂ ਦੇ ਸੰਪਰਕ ਵੇਰਵੇ, ਉਹ ਕੀ ਕਰਦੇ ਹਨ, ਉਹ ਕਿਸ ਦੀ ਮਦਦ ਕਰਦੇ ਹਨ, ਕੌਣ ਉਨ੍ਹਾਂ ਨੂੰ ਚਲਾਉਂਦਾ ਹੈ, ਅਤੇ ਉਨ੍ਹਾਂ ਦੇ ਵਿੱਤੀ ਵੇਰਵੇ ਹੁੰਦੇ ਹਨ।

ਪੈਸੇ ਦਾਨ ਕਰਨ ਜਾਂ ਕਿਸੇ ਦਾਨ-ਸੰਸਥਾ ਨਾਲ ਵਾਲੰਟੀਅਰ ਬਣਨ ਤੋਂ ਪਹਿਲਾਂ, ਚੈਰਿਟੀ ਰਜਿਸਟਰ ਦੀ ਜਾਂਚ ਕਰਨਾ ਇੱਕ ਚੰਗਾ ਵਿਚਾਰ ਹੈ, ਤਾਂ ਜੋ ਇਹ ਵੇਖਿਆ ਜਾ ਸਕੇ ਕਿ ਦਾਨ-ਸੰਸਥਾ ਅਧਿਕਾਰਤ ਤੌਰ 'ਤੇ ACNC ਨਾਲ ਰਜਿਸਟਰਡ ਹੈ ਜਾਂ ਨਹੀਂ।

ਜੇ ਕੋਈ ਦਾਨ-ਸੰਸਥਾ ਸੂਚੀਬੱਧ ਹੈ, ਤਾਂ ਤੁਸੀਂ ਯਕੀਨ ਕਰ ਸਕਦੇ ਹੋ ਕਿ ਤੁਹਾਡਾ ਦਾਨ ਅਸਲੀ ਦਾਨ-ਸੰਸਥਾ ਨੂੰ ਜਾ ਰਿਹਾ ਹੈ।

ਦਾਨ-ਸੰਸਥਾਵਾਂ ਵਾਸਤੇ, ਰਜਿਸਟਰ 'ਤੇ ਸੂਚੀਬੱਧ ਹੋਣਾ ਜਨਤਾ ਨੂੰ, ਤੁਹਾਡੀ ਸੰਸਥਾ ਬਾਰੇ ਨਵੀਨਤਮ ਜਾਣਕਾਰੀ ਵੇਖਣ ਵਿੱਚ ਮਦਦ ਕਰਦਾ ਹੈ, ਅਤੇ ਇਹ ਵਿਖਾਉਂਦਾ ਹੈ ਕਿ ਤੁਸੀਂ ਸਹੀ ਕੰਮ ਕਰ ਰਹੇ ਹੋ।

ਹਰ ਸਾਲ ਚੈਰਿਟੀ ਰਜਿਸਟਰ ਨੂੰ ਲੱਖਾਂ ਵਾਰੀ ਵੇਖਿਆ ਜਾਂਦਾ ਹੈ, ਇਸ ਲਈ ਇਹ ਬਹੁਤ ਮਹੱਤਵਪੂਰਨ ਹੈ ਕਿ ਦਾਨ-ਸੰਸਥਾ ਦੀ ਜਾਣਕਾਰੀ ਸਹੀ ਹੋਵੇ ਅਤੇ ਤਾਜ਼ਾ ਰੱਖੀ ਜਾਵੇ।

ਆਸਟ੍ਰੇਲੀਆ ਦੇ ਲੋਕ ਇਹ ਫ਼ੈਸਲਾ ਕਰਨ ਤੋਂ ਪਹਿਲਾਂ ਕਿ ਪੈਸੇ ਕਿੱਥੇ ਦਾਨ ਕਰਨੇ ਹਨ, ਵਾਲੰਟੀਅਰ ਕਿੱਥੇ ਬਣਨਾ ਹੈ, ਜਾਂ ਸਹਾਇਤਾ ਦੀ ਪੇਸ਼ਕਸ਼ ਕਿੱਥੇ ਕਰਨੀ ਹੈ, ਇਹ ਯਕੀਨੀ ਬਣਾਉਣ ਲਈ ਕਿ ਚੈਰਿਟੀ ਅਸਲੀ ਅਤੇ ਭਰੋਸੇਯੋਗ ਹੈ, ।

ਦਾਨ-ਸੰਸਥਾ ਦੀਆਂ ਜ਼ਿੰਮੇਵਾਰੀਆਂ:

ACNC ਨਾਲ ਰਜਿਸਟਰਡ ਦਾਨ-ਸੰਸਥਾ ਬਣੇ ਰਹਿਣ ਲਈ ਦਾਨ-ਸੰਸਥਾਵਾਂ ਲਈ ਮਹੱਤਵਪੂਰਣ ਨਿਯਮ ਹਨ, ਜਿਨ੍ਹਾਂ ਦੀ ਪਾਲਣਾ ਕਰਨ ਦੀ ਜ਼ਰੂਰਤ ਹੁੰਦੀ ਹੈ।

ਇਸ ਵਿੱਚ ਇਹ ਯਕੀਨੀ ਬਣਾਉਣਾ ਸ਼ਾਮਲ ਹੈ, ਕਿ ਉਹ ਜੋ ਕੁਝ ਵੀ ਕਰਦੇ ਹਨ, ਉਹ ਉਨ੍ਹਾਂ ਦੇ ਦਾਨੀ ਉਦੇਸ਼ ਦਾ ਸਮਰਥਨ ਕਰਦਾ ਹੈ। ਇਸ ਦਾ ਮਕਸਦ ਉਹ ਕਾਰਨ ਹੈ, ਜਿਸ ਕਰਕੇ ਇਨ੍ਹਾਂ ਦੀ ਸਥਾਪਨਾ ਕੀਤੀ ਗਈ ਸੀ – ਜਿਵੇਂ ਕਿ ਭਾਈਚਾਰੇ ਵਿਚਲੇ ਲੋਕਾਂ ਦੀ ਮਦਦ ਕਰਨਾ। ਉਨ੍ਹਾਂ ਨੂੰ ਮਹੱਤਵਪੂਰਣ ਵੇਰਵਿਆਂ ਵਿੱਚ ਬਦਲਾਅ ਬਾਰੇ ACNC ਨੂੰ ਲਾਜ਼ਮੀ ਤੌਰ 'ਤੇ ਵੀ ਦੱਸਣਾ ਚਾਹੀਦਾ ਹੈ, ਜਿਵੇਂ ਕਿ ਜਦੋਂ ਉਹ ਬੋਰਡ ਦੇ ਨਵੇਂ ਮੈਂਬਰਾਂ ਦੀ ਨਿਯੁਕਤੀ ਕਰਦੇ ਹਨ, ਜਾਂ ਜਦੋਂ ਉਨ੍ਹਾਂ ਦੀ ਸੰਪਰਕ ਜਾਣਕਾਰੀ ਬਦਲਦੀ ਹੈ। ਦਾਨ-ਸੰਸਥਾਵਾਂ ਨੂੰ ਚੰਗੇ ਰਿਕਾਰਡ ਰੱਖਣ ਦੀ ਲੋੜ ਹੁੰਦੀ ਹੈ - ਜਿਵੇਂ ਕਿ ਵਿੱਤੀ ਜਾਣਕਾਰੀ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ ਬਾਰੇ ਦਸਤਾਵੇਜ਼। ਰਿਕਾਰਡਾਂ ਨੂੰ ਕਿਸੇ ਹੋਰ ਭਾਸ਼ਾ ਵਿੱਚ ਰੱਖਿਆ ਜਾ ਸਕਦਾ ਹੈ, ਪਰ ਜੇ ਲੋੜ ਪਵੇ ਤਾਂ ਇਨ੍ਹਾਂ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰਨਾ ਸੌਖਾ ਹੋਣਾ ਚਾਹੀਦਾ ਹੈ।

ਹਰ ਸਾਲ, ਦਾਨ-ਸੰਸਥਾਵਾਂ ਨੂੰ ਔਨਲਾਈਨ ਸਾਲਾਨਾ ਜਾਣਕਾਰੀ ਦਾ ਬਿਆਨ ਲਾਜ਼ਮੀ ਤੌਰ 'ਤੇ ਪੂਰਾ ਕਰਨਾ ਚਾਹੀਦਾ ਹੈ, ਜੋ ਦੱਸਦਾ ਹੈ ਕਿ ਉਨ੍ਹਾਂ ਨੇ ਕੀ ਕੀਤਾ ਅਤੇ ਪਿਛਲੇ ਸਾਲ ਉਨ੍ਹਾਂ ਨੇ ਆਪਣੇ ਪੈਸੇ ਦੀ ਵਰਤੋਂ ਕਿਵੇਂ ਕੀਤੀ।

ਰਜਿਸਟਰਡ ਦਾਨ-ਸੰਸਥਾਵਾਂ ਨੂੰ ਸੰਚਾਲਨ ਦੇ ਛੇ ਮਾਪਦੰਡਾਂ ਦੀ ਲਾਜ਼ਮੀ ਤੌਰ 'ਤੇ ਪਾਲਣਾ ਕਰਨੀ ਚਾਹੀਦੀ ਹੈ, ਜੋ ਇਹ ਦੱਸਦੇ ਹਨ ਕਿ ਦਾਨ-ਸੰਸਥਾ ਨੂੰ ਕਿਵੇਂ ਚਲਾਇਆ ਜਾਣਾ ਚਾਹੀਦਾ ਹੈ। ਦਾਨ-ਸੰਸਥਾਵਾਂ ਜੋ ਵਿਦੇਸ਼ਾਂ ਵਿੱਚ ਕੰਮ ਕਰਦੀਆਂ ਹਨ, ਜਾਂ ਪੈਸੇ ਭੇਜਦੀਆਂ ਹਨ, ਉਨ੍ਹਾਂ ਨੂੰ ਚਾਰ ਵਾਧੂ ਮਾਪਦੰਡਾਂ ਦੀ ਪਾਲਣਾ ਕਰਨ ਦੀ ਜ਼ਰੂਰਤ ਹੁੰਦੀ ਹੈ - ਜਿਸ ਨੂੰ ਬਾਹਰੀ ਨੈਤਿਕ ਮਾਪਦੰਡ (External Conduct Standards) ਕਿਹਾ ਜਾਂਦਾ ਹੈ।

ਇਹ ਮਹੱਤਵਪੂਰਨ ਹੈ ਕਿ ਰਜਿਸਟਰਡ ਦਾਨ-ਸੰਸਥਾਵਾਂ ਇਨ੍ਹਾਂ ਮਾਪਦੰਡਾਂ ਨੂੰ ਸਮਝਣ ਅਤੇ ਉਨ੍ਹਾਂ ਦੀ ਪਾਲਣਾ ਕਰਨ, ਕਿਉਂਕਿ ਉਹ ਦਾਨ-ਸੰਸਥਾ ਖੇਤਰ ਵਿੱਚ ਇਮਾਨਦਾਰੀ ਅਤੇ ਖੁੱਲ੍ਹੇਪਣ ਦੇ ਸਭਿਆਚਾਰ ਨੂੰ ਤਿਆਰ ਕਰਨ ਵਿੱਚ ਸਹਾਇਤਾ ਕਰਦੇ ਹਨ।